# ਮੌਕੇ ਵਧਦੇ ਹਨ

ਬੀ.ਸੀ. ਸਰਕਾਰ ਵੱਲੋਂ ਦਿੱਤੀ ਜਾਂਦੀ $1,200 ਦੀ ਗਰਾਂਟ ਹਾਸਲ ਕਰਨ ਲਈ
**ਆਪਣੇ ਬੱਚੇ ਦੀ ਉਮਰ 7 ਸਾਲ ਹੋਣ ਤੋਂ ਪਹਿਲਾਂ** ਉਸ ਲਈ RESP ਸ਼ੁਰੂ ਕਰੋ।




ਇਹ ਪਤਾ ਕਰੋ ਕਿ ਨਵੀਂ ਬੀ.ਸੀ. ਟ੍ਰੇਨਿੰਗ ਐਂਡ ਐਜੂਕੇਸ਼ਨ ਸੇਵਿੰਗਜ਼ ਗਰਾਂਟ ਨਾਲ ਤੁਸੀਂ ਆਪਣੇ ਬੱਚੇ ਦੀ ਪੋਸਟ-ਸੈਕੰਡਰੀ ਵਿੱਦਿਆ ਲਈ ਕਿਸ ਤਰ੍ਹਾਂ ਬਚਤ ਕਰਨੀ ਸ਼ੁਰੂ ਕਰ ਸਕਦੇ ਹੋ।

---

1-888-879-1166 ’ਤੇ ਫ਼ੋਨ ਕਰੋ ਜਾਂ **www.gov.bc.ca/resp** ’ਤੇ ਜਾਓ।

---

CANADA STARTS HERE | BRITISH COLUMBIA

* ਇਸ ਧਾਰਨਾ ’ਤੇ ਅਧਾਰਤ ਹੈ ਕਿ ਕੈਨੇਡਾ ਸਰਕਾਰ ਦੇ ਐਜੂਕੇਸ਼ਨ ਸੇਵਿੰਗਜ਼ ਪ੍ਰੋਗਰਾਮ ਵੱਲੋਂ ਮਿਲਣ ਵਾਲੀ ਗਰਾਂਟ ਦੇ ਨਾਲ-ਨਾਲ ਪਰਿਵਾਰ ਵੱਲੋਂ ਵੀ $50 ਪ੍ਰਤੀ ਮਹੀਨਾ ਜਮ੍ਹਾਂ ਕਰਵਾਏ ਜਾਂਦੇ ਹਨ ਅਤੇ ਵਾਧੇ ਦੀ ਔਸਤਨ ਸਾਲਾਨਾ ਦਰ 3.5% ਹੈ। ਅਸਲ ਵਾਧਾ ਇਨਵੈਸਟਮੈਂਟ ਦੀ ਮਿਆਦ ਦੌਰਾਨ ਪਰਿਵਾਰ ਵੱਲੋਂ ਪਾਏ ਯੋਗਦਾਨ ਅਤੇ ਇਨਵੈਸਟਮੈਂਟ ਰਿਟਰਨ ਉੱਪਰ ਨਿਰਭਰ ਕਰਦਾ ਹੈ।

# ਬੀ.ਸੀ. ਟ੍ਰੇਨਿੰਗ ਐਂਡ ਐਜੂਕੇਸ਼ਨ ਸੇਵਿੰਗਜ਼ ਗਰਾਂਟ

## ਕੌਣ ਇਸ ਦੇ ਯੋਗ ਹੈ?

» ਬੀ.ਸੀ. ਵਿਚਲੇ ਸਾਰੇ ਬੱਚੇ ਜਿਨ੍ਹਾਂ ਦਾ ਜਨਮ 1 ਜਨਵਰੀ 2007 ਨੂੰ ਜਾਂ ਉਸ ਤੋਂ ਬਾਅਦ ਹੋਇਆ ਹੈ ਅਤੇ ਜਿਨ੍ਹਾਂ ਕੋਲ RESP ਹੈ, ਉਹ $1,200 ਦੀ ਬੀ.ਸੀ. ਟ੍ਰੇਨਿੰਗ ਐਂਡ ਐਜੂਕੇਸ਼ਨ ਸੇਵਿੰਗਜ਼ ਗਰਾਂਟ ਹਾਸਲ ਕਰਨ ਦੇ ਯੋਗ ਹਨ।

» ਇਸ ਦਾ ਮਤਲਬ ਹੈ ਕਿ ਹਾਈ ਸਕੂਲ ਤੋਂ ਬਾਅਦ ਬੱਚੇ ਦੀ ਪੜ੍ਹਾਈ ਵਾਸਤੇ ਪੈਸੇ ਬਚਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਤੁਹਾਡੇ ਬੱਚੇ ਦੀ RESP ਵਿੱਚ $1,200 ਪਾ ਦੇਵੇਗੀ।

## ਪਰਿਵਾਰਾਂ ਨੂੰ ਕੀ ਕਰਨਾ ਚਾਹੀਦਾ ਹੈ?

» ਜੇ ਤੁਸੀਂ ਅਜੇ ਤਕ ਆਪਣੇ ਬੱਚੇ ਦੀ RESP ਸ਼ੁਰੂ ਨਹੀਂ ਕੀਤੀ ਹੈ ਤਾਂ ਤੁਹਾਨੂੰ ਇਹ ਛੇਤੀ ਤੋਂ ਛੇਤੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

» ਬੱਚੇ ਦੇ ਸੱਤਵੇਂ ਜਨਮਦਿਨ ਤੋਂ ਪਹਿਲਾਂ (ਜਾਂ ਸਾਲ 2007 ਵਿੱਚ ਜਨਮੇ ਬੱਚਿਆਂ ਲਈ 28 ਫ਼ਰਵਰੀ 2014 ਤਕ) RESP ਸ਼ੁਰੂ ਕਰਨੀ ਸਭ ਤੋਂ ਮਹੱਤਵਪੂਰਣ ਕਦਮ ਹੈ।

» ਕੋਈ ਵੀ ਪਰਿਵਾਰਕ ਮੈਂਬਰ ਜਾਂ ਇੱਥੋਂ ਤਕ ਕਿ ਕੋਈ ਪਰਿਵਾਰਕ ਮਿੱਤਰ ਬੱਚੇ ਦੀ RESP ਸ਼ੁਰੂ ਕਰ ਸਕਦਾ ਹੈ।

» ਤੁਹਾਨੂੰ ਬਰਾਬਰ ਦੀ ਰਕਮ ਜਮ੍ਹਾਂ ਕਰਵਾਉਣ ਦੀ ਵੀ ਲੋੜ ਨਹੀਂ ਹੈ। ਜੇ ਮੌਜੂਦਾ ਸਮੇਂ ਪੈਸੇ ਰਾਖਵੇਂ ਰੱਖਣਾ ਤੁਹਾਨੂੰ ਵਾਰਾ ਨਹੀਂ ਖਾਂਦਾ ਤਾਂ ਤੁਹਾਨੂੰ ਘੱਟੋ-ਘੱਟ ਪੈਸੇ ਜਮ੍ਹਾਂ ਕਰਵਾਉਣ ਦੀ ਵੀ ਜ਼ਰੂਰਤ ਨਹੀਂ ਹੈ।

» ਛੇਤੀ ਤੋਂ ਛੇਤੀ RESP ਸ਼ੁਰੂ ਕਰਨ ਦਾ ਇੱਕ ਹੋਰ ਫ਼ਾਇਦਾ ਇਹ ਵੀ ਹੈ ਕਿ ਨੈਸ਼ਨਲ ਚਾਈਲਡ ਬੈਨਿਫ਼ਿਟ ਸਪਲੀਮੈਂਟ ਲਈ ਯੋਗ ਪਰਿਵਾਰ ਕੈਨੇਡਾ ਲਰਨਿੰਗ ਬਾਂਡਜ਼ ਦੇ ਰੂਪ ਵਿੱਚ $2,000 ਤਕ ਹਾਸਲ ਕਰ ਸਕਦੇ ਹਨ। ਇਸ ਵਿੱਚ ਅਕਾਊਂਟ ਸ਼ੁਰੂ ਕਰਨ ਸਮੇਂ $500 ਦਿੱਤੇ ਜਾਂਦੇ ਹਨ ਅਤੇ ਉਸ ਤੋਂ ਬਾਅਦ ਬੱਚੇ ਦੀ ਉਮਰ 15 ਸਾਲ ਹੋ ਜਾਣ ਤਕ ਹਰ ਸਾਲ $100 ਦਿੱਤੇ ਜਾਂਦੇ ਹਨ।